# ਰੈਸ਼ਨੇਲਾਈਜੇਸ਼ਨ

ਪੰਜਾਬ ਰਾਜ ਵਿੱਚ ਲੈਕਚਰਾਰ, ਮਾਸਟਰ / ਮਿਸਟ੍ਰੈਸ ਅਤੇ ਸੀ.ਐਂਡ ਵੀ. ਕਾਡਰ ਦੇ ਅਧਿਆਪਕਾਂ ਦੀਆਂ ਵਾਧੂ ਅਸਾਮੀਆਂ / ਸਰਪਲੱਸ ਅਧਿਆਪਕਾਂ ਨੂੰ ਲੋੜਵੰਦ ਸਕੂਲਾਂ ਵਿੱਚ ਸ਼ਿਫਟ / ਤਬਦੀਲ ਕਰਨ ਦੀ ਜ਼ਰੂਰਤ ਹੈ। ਸਕੂਲਾਂ ਵਿੱਚੋਂ ਵਾਧੂ ਅਸਾਮੀਆਂ / ਸਰਪਲੱਸ ਅਧਿਆਪਕਾਂ ਨੂੰ ਸ਼ਿਫਟ / ਤਬਦੀਲ ਕਰਨ ਲਈ ਹੇਠ ਲਿਖੇ ਅਨੁਸਾਰ ਪਾਲਿਸੀ ਬਣਾਈ ਗਈ ਹੈ:

# ਸੈਕਸ਼ਨ ਵੰਡ( ਜਮਾਤ ਵਾਈਜ਼)

| Sec. | 6 to 8 (35) | | Sec. | 9 to 10 (40) | | Sec. | 11 to 12 (60) | | Sec. | 11 to 12 (22) | |
|---|---|---|---|---|---|---|---|---|---|---|---|
| $0 | $0 | 0 | $0 | $0 | 0 | $0 | $9 | 0 | $0 | $9 | 0 |
| $1 | $35 | 1 | $1 | $44 | 1 | $10 | $66 | 1 | $10 | $22 | 1 |
| $36 | $70 | 2 | $45 | $84 | 2 | $67 | $126 | 2 | $23 | $44 | 2 |
| $75 | $105 | 3 | $85 | $124 | 3 | $127 | $186 | 3 | $45 | $66 | 3 |
| $114 | $140 | 4 | $125 | $164 | 4 | $187 | $246 | 4 | $67 | $88 | 4 |
| $153 | $175 | 5 | $165 | $204 | 5 | $247 | $306 | 5 | $89 | $110 | 5 |
| $192 | $210 | 6 | $205 | $244 | 6 | $307 | $366 | 6 | $111 | $132 | 6 |
| $231 | $245 | 7 | $245 | $284 | 7 | $367 | $426 | 7 | $133 | $154 | 7 |
| $270 | $280 | 8 | $285 | $324 | 8 | | | | $155 | $176 | 8 |
| $309 | $315 | 9 | $325 | $364 | 9 | | | | $177 | $198 | 9 |
| $348 | $350 | 10 | $365 | $404 | 10 | | | | $199 | $220 | 10 |
| $426 | $420 | 12 | $445 | $484 | 12 | | | | $243 | $264 | 12 |
| $465 | $455 | 13 | $485 | $524 | 13 | | | | $265 | $286 | 13 |

ੲ. (i) ਅਧਿਆਪਕਾਂ ਵੱਲੋਂ ਲਏ ਜਾਣ ਵਾਲੇ ਪੀਰੀਅਡਾਂ ਦਾ ਨਾਰਮ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ: | ਅਹੁਦਾ | ਵਿਦਿਆਰਥੀਆਂ ਦੀ ਗਿਣਤੀ | ਪੀਰੀਅਡਾਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|---|---|
| 1 | ਪ੍ਰਿੰਸੀਪਲ | -- | 9 | |
| 2 | ਹੈਡਮਾਸਟਰ | 500 ਤੱਕ | 15 | |
| | | 1000 ਤੱਕ | 12 | |
| | | 1500 ਤੱਕ | 10 | |
| | | 2000 ਤੱਕ | 07 | |
| 3 | ਲੈਕਚਰਾਰ | | 27-30 | 10+1 ਅਤੇ 10+2 ਸ਼੍ਰੇਣੀਆਂ ਵਿੱਚ ਪੀਰੀਅਡ ਪੂਰੇ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਲੈਕਚਰਾਰ ਨੂੰ ਹੇਠਲੀਆਂ ਕਲਾਸਾਂ ਦੇ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾਣਗੇ ਜਿਸ ਵਿਸ਼ੇ ਦਾ ਉਹ ਲੈਕਚਰਾਰ ਹੈ । ਜੇਕਰ ਫਿਰ ਵੀ ਵਰਕ-ਲੋਡ ਪੂਰਾ ਨਹੀ ਹੁੰਦਾ ਤਾਂ ਉਸ ਵਿਸ਼ੇ ਦੇ ਪੀਰੀਅਡ ਦਿੱਤੇ ਜਾ ਸਕਦੇ ਹਨ, ਜਿਸ ਵਿਸ਼ੇ ਵਿੱਚੋਂ ਪ੍ਰਮੋਟ ਹੋਇਆ ਹੈ । |
| 4 | ਮਾਸਟਰ / ਮਿਸਟ੍ਰੈਸ | | 30-33 | |
| 5 | ਸੀ.ਐਂਡ ਵੀ | | 33-36 | |

ਰੈਸ਼ਨੇਲਾਈਜੇਸ਼ਨ ਲਈ ਬੱਚਿਆਂ ਦੀ ਗਿਣਤੀ ਦਾ ਆਧਾਰ 25-05-2010 ਦੇ ਅੰਕੜੇ ਹੋਣਗੇ।

ਛੇਵੀਂ ਤੋਂ ਅੱਠਵੀਂ ਤੱਕ ਦੀਆਂ ਸ੍ਰੇਣੀਆਂ ਵਾਸਤੇ ਅਧਿਆਪਕ-ਵਿਦਿਆਰਥੀ ਦਾ ਅਨੁਪਾਤ 1:35 ਹੋਵੇਗਾ।

ਨੌਵੀਂ ਅਤੇ ਦਸਵੀਂ ਲਈ ਸ੍ਰੇਣੀਆਂ ਵਾਸਤੇ ਅਧਿਆਪਕ-ਵਿਦਿਆਰਥੀਆਂ ਦਾ ਅਨੁਪਾਤ 1:40 ਰਹੇਗਾ। ਅਰਥਾਤ ਸੈਕਸ਼ਨ 40 ਵਿਦਿਆਰਥੀਆਂ ਦਾ ਹੋਵੇਗਾ ਇਸ ਵਿੱਚ 10% ਦਾ ਵਾਧਾ ਕੀਤਾ ਜਾ ਸਕੇਗਾ, ਭਾਵ 45ਵੇਂ ਵਿਦਿਆਰਥੀ ਤੇ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ।

10+1 ਅਤੇ 10+2 ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਅਧਿਆਪਕ-ਵਿਦਿਆਰਥੀਆਂ ਦਾ ਅਨੁਪਾਤ 1:60 ਹੋਵੇਗਾ ਅਰਥਾਤ ਇੱਕ ਸੈਕਸ਼ਨ 60 ਵਿਦਿਆਰਥੀਆਂ ਦਾ ਹੋਵੇਗਾ। ਇਸ ਵਿੱਚ 10% ਦਾ ਵਾਧਾ ਕੀਤਾ ਜਾ ਸਕੇਗਾ, ਭਾਵ 67ਵੇਂ ਵਿਦਿਆਰਥੀ ਤੇ ਦੂਜਾ ਸੈਕਸ਼ਨ ਬਣਾਇਆ ਜਾ ਸਕੇਗਾ।

10+1 ਜਾਂ 10+2 ਸ਼੍ਰੇਣੀ ਵਿੱਚ ਸਟਰੀਮ/ਗਰੁੱਪ/ਵਿਸ਼ਾ ਚਲਾਉਣ ਲਈ ਘੱਟੋ-ਘੱਟ 10 ਵਿਦਿਆਰਥੀਆਂ ਦਾ ਹੋਣਾ ਜਰੂਰੀ ਹੈ। ਇਸ ਤੋਂ ਘੱਟ ਵਿਦਿਆਰਥੀ ਹੋਣ ਤੇ ਸਟਰੀਮ/ਗਰੁੱਪ/ਵਿਸ਼ਾ ਚਾਲੂ ਨਹੀ ਕੀਤਾ ਜਾਵੇਗਾ।

•ਰੈਸ਼ਨੇਲਾਈਜੇਸ਼ਨ **ਕਰਦੇ** ਸਮੇਂ ਪ੍ਰਿੰਸੀਪਲ / ਹੈਡਮਾਸਟਰ ਵੱਲੋਂ ਲਏ ਜਾਣ ਵਾਲੇ ਪੀਰੀਅਡ ਰੈਸ਼ਨੇਲਾਈਜੇਸ਼ਨ ਲਈ ਨਾ ਗਿਣੇ ਜਾਣ । ਇਸੇ ਤਰ੍ਹਾਂ ਜੇ ਕੋਈ ਮਾਸਟਰ/ਲੈਕਚਰਾਰ ਡੀ.ਡੀ.ਓ. ਪਾਵਰ ਹੋਣ ਕਾਰਨ ਕਾਰਜਕਾਰੀ ਮੁੱਖ ਅਧਿਆਪਕ/ਪ੍ਰਿੰਸੀਪਲ ਵੱਜੋਂ ਡਿਊਟੀ ਨਿਭਾ ਰਿਹਾ ਹੈ ਤਾਂ ਉਹ ਕ੍ਰਮਵਾਰ 15 ਅਤੇ 9 ਪੀਰੀਅਡ ਲਵੇਗਾ ।

## ਛੇਵੀਂ ਤੋਂ ਦਸਵੀਂ ਤੱਕ ਦੀਆਂ ਸ਼੍ਰੇਣੀਆਂ ਲਈ ਵੱਖ-2 ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ:

| ਵਿਸ਼ਾ | ਛੇਵੀਂ ਤੋਂ ਅੱਠਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ | ਨੌਵੀਂ ਤੇ ਦਸਵੀਂ ਜਮਾਤ ਲਈ ਪੀਰੀਅਡਾਂ ਦੀ ਗਿਣਤੀ |
|---|---|---|
| ਅੰਗਰੇਜੀ | 8 | 7 |
| ਸਮਾਜਿਕ ਸਿੱਖਿਆ | 6 | 5 |
| ਪੰਜਾਬੀ | 6 | 6 |
| ਹਿੰਦੀ | 4 | 5 |
| ਹਿਸਾਬ | 8 | 7 |
| ਸਾਇੰਸ | 6 | 8 |
| ਸਰੀਰਿਕ ਸਿੱਖਿਆ | 3 | 3 |
| ਇਲੈਕਟਿਵ ਵਿਸ਼ਾ | 3 | 3 |
| ਕੰਪਿਊਟਰ ਸਿੱਖਿਆ | 4 | 4 |
| ਸਹਿ ਕ੍ਰਿਆਵਾਂ | 2* | - |
| ਲਾਇਬ੍ਰੇਰੀ | 2* | - |
| ਸਹਿ ਕ੍ਰਿਆਵਾਂ/ ਲਾਇਬ੍ਰੇਰੀ | | 4* |
| **ਕੁੱਲ ਜੋੜ** | 48 | 48 |

* ਸਿਰਫ ਉਹਨਾਂ ਸਕੂਲਾਂ ਲਈ ਜਿੱਥੇ ਕੰਪਿਊਟਰ ਸਿੱਖਿਆ ਨਹੀਂ ਚਲਦੀ ।

ਜ।10+1 ਅਤੇ 10+2 ਸ਼੍ਰੇਣੀਆਂ ਲਈ ਵੱਖ-2 ਸਟਰੀਮ/ਗਰੁੱਪ/ਵਿਸ਼ਿਆ ਦੀ ਹਫਤਾਵਾਰੀ ਪੀਰੀਅਡਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸਟਰੀਮ /ਗਰੁੱਪ | ਵਿਸ਼ਾ | ਪੀਰੀਅਡਾਂ ਦੀ ਗਿਣਤੀ | |
|---|---|---|---|---|
| | | | ਥਿਊਰੀ | ਪਰੈਕਟੀਕਲ |
| 1 | ਸਾਇੰਸ ਮੈਡੀਕਲ / ਨਾਨ ਮੈਡੀਕਲ | ਫਜਿਕਸ | 6 | 4 |
| | | ਕਮਿਸਟਰੀ | 6 | 4 |
| | | ਬਾਇਆਲੋਜੀ | 6 | 4 |
| | | ਮੈਥ | 10 | ਲਾਗੂ ਨਹੀ |
| 2 | ਹਿਊਮੈਨਟੀਜ ਗਰੁੱਪ | ਹਿਸਟਰੀ | 6 | ਲਾਗੂ ਨਹੀ |
| | | ਪੋਲ ਸਾਇੰਸ | 6 | ਲਾਗੂ ਨਹੀ |
| | | ਇਕਨਾਮਿਕਸ | 6 | ਲਾਗੂ ਨਹੀ |
| | | ਸੋਸ਼ਿਆਲੋਜੀ | 6 | ਲਾਗੂ ਨਹੀ |
| | | ਸਰੀਰਿਕ ਸਿੱਖਿਆ | 6 | ਲਾਗੂ ਨਹੀ |
| | | ਮਿਊਜਿਕ | 6 | ਲਾਗੂ ਨਹੀ |
| | | ਫਾਈਨ ਆਰਟਸ | 6 | ਲਾਗੂ ਨਹੀ |
| | | ਜੋਗਰਫੀ | 6 | 3 |
| | | ਹੋਮ ਸਾਇੰਸ | 6 | 3 |
| | | ਐਗਰੀਕਲਚਰ | 6 | 3 |

| | | | | |
|---|---|---|---|---|
| 3 | ਭਾਸ਼ਾਵਾਂ | ਲਾਜਮੀ ਪੰਜਾਬੀ | 6 | ਲਾਗੂ ਨਹੀ |
| | | ਲਾਜਮੀ ਅੰਗਰੇਜੀ | 6 | ਲਾਗੂ ਨਹੀ |
| | | ਇਲੈਕਟਿਵ ਪੰਜਾਬੀ/ਹਿੰਦੀ/ਅੰਗਰੇਜੀ | 9 | ਲਾਗੂ ਨਹੀ |
| 4 | ਕਮਰਸ ਗਰੁੱਪ | ਬਿਜਨਸ ਸਟਡੀਜ– I / II | 6 | ਲਾਗੂ ਨਹੀ |
| | | ਅਕਾਊਂਟੈਂਸੀ I / II | 6 | ਲਾਗੂ ਨਹੀ |
| | | ਬਿਜਨਸ ਇਕਨਾਮਿਕਸ ਅਤੇ ਕੁਆਨਟੇਟਿਵ ਮੈਥਿਡ I / II | 6 | ਲਾਗੂ ਨਹੀ |
| | | ਮਾਡਰਨ ਆਫਿਸ ਪ੍ਰੈਕਟਿਸ / ਫੰਡਾਮੈਂਟਲ ਆਫ ਈ–ਬਿਜਨਸ | 6 | ਲਾਗੂ ਨਹੀ |
| **ਸਾਰੇ ਗਰੁੱਪਾਂ ਲਈ ਜ਼ਰੂਰੀ** | | | | |
| | | ਵਾਤਾਵਰਣ ਸਿੱਖਿਆ | 2 | |
| | | ਕੰਪਿਊਟਰ ਸਿੱਖਿਆ | 2 | 2 |

ਉਪਰੋਕਤ ਨਾਰਮ ਅਨੁਸਾਰ ਵਾਧੂ ਅਧਿਆਪਕਾਂ ਦੀ ਰੈਸ਼ਨੇਲਾਈਜੇਸ਼ਨ ਕਰਨ ਲਈ ਤਜਵੀਜ਼ਾਂ ਤਿਆਰ ਕਰਦੇ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਵੀ ਉਚੇਚੇ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ:

1. ਜੇਕਰ ਸਕੂਲ ਵਿੱਚ ਖਾਲੀ ਅਸਾਮੀ ਵਾਧੂ ਹੈ ਤਾਂ ਪਹਿਲਾਂ ਉਸਨੂੰ ਲੋੜਵੰਦ ਸਕੂਲ ਵਿੱਚ ਸ਼ਿਫਟ ਕੀਤਾ ਜਾਵੇ ।

2. ਰੈਸ਼ਨੇਲਾਈਜੇਸ਼ਨ ਲਈ ਸਕੂਲ ਨੂੰ ਇਕ ਯੂਨਿਟ ਮੰਨਿਆ ਜਾਵੇਗਾ।

3. ਜਿਹੜਾ ਅਧਿਆਪਕ 31-03-2009 ਤੋਂ ਬਾਅਦ ਖਾਲੀ ਵਾਧੂ ਥਾਂ ਤੇ ਜਾਂ ਸਮੇਤ ਅਸਾਮੀ ਸਕੂਲ ਵਿੱਚ ਗੈਰ ਲੋੜੀਂਦੀ ਥਾਂ ਤੇ ਆਇਆ ਹੋਵੇ, ਰੈਸ਼ਨੇਲਾਈਜੇਸ਼ਨ ਕਰਦੇ ਸਮੇਂ ਉਸ ਨੂੰ ਹੀ ਸ਼ਿਫਟ ਕੀਤਾ ਜਾਵੇ ।

4. ਨੇਤਰਹੀਣ, ਅੰਗਹੀਣ (ਜਿੰਨਾਂ ਦਾ ਲੋਅਰ ਲਿੰਬਸ 50% ਪੱਕੇ ਤੌਰ ਤੇ ਨਕਾਰਾ ਹੋਣ, ਜਿਨ੍ਹਾਂ ਦੀ ਇੱਕ ਜਾਂ ਦੋਵੇਂ ਬਾਹਾਂ ਨਾ ਹੋਣ) ਨੂੰ ਸ਼ਿਫਟ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਕਰੋਨਿਕ ਬਿਮਾਰੀਆਂ ਜਿਵੇਂ ਕੈਂਸਰ, ਏਡਜ (ਐਚ.ਆਈ.ਵੀ. ਪਾਜ਼ੇਟਿਵ), ਹੈਪੇਟਾਇਟਿਸ ਬੀ ਅਤੇ ਸੀ ਅਤੇ ਦਿਲ ਦੇ ਗੰਭੀਰ ਰੋਗੀ ਨੂੰ ਵੀ ਸ਼ਿਫਟ ਨਾ ਕੀਤਾ ਜਾਵੇ।

5. ਜਿਹੜੇ ਅਧਿਆਪਕ 31 ਮਾਰਚ 2012 ਤੱਕ ਰਿਟਾਇਰ ਹੋਣ ਵਾਲੇ ਹਨ, ਉਨ੍ਹਾਂ ਅਧਿਆਪਕਾਂ ਨੂੰ ਰੈਸ਼ਨੇਲਾਈਜੇਸ਼ਨ ਵਿੱਚ ਸ਼ਾਮਲ ਨਾ ਕੀਤਾ ਜਾਵੇ।

6. ਮਿਡਲ ਸਕੂਲਾਂ ਵਿੱਚ ਕੇਵਲ ਬੀ.ਐਸ.ਸੀ. ਨਾਨ ਮੈਡੀਕਲ ਸਾਇੰਸ ਅਧਿਆਪਕ ਹੀ ਰੱਖੇ ਜਾਣ ਅਤੇ ਕਿਸੇ ਵੀ ਸੂਰਤ ਵਿੱਚ ਕੇਵਲ ਬੀ.ਐਸ.ਸੀ. ਮੈਡੀਕਲ ਜਾਂ ਹਿਸਾਬ ਨਾਲ ਕੀਤੀ ਬੀ.ਏ. ਵਾਲੇ ਅਧਿਆਪਕ ਨੂੰ ਨਾ ਰੱਖਿਆ ਜਾਵੇ ।

7. ਜਿਹੜੇ ਸਕੂਲਾਂ ਨੂੰ ਅੰਗਰੇਜੀ ਅਧਿਆਪਕ ਦੀ ਅਸਾਮੀ ਦਿੱਤੀ ਗਈ ਹੋਵੇ ਉਸਨੂੰ ਵਾਧੂ ਨਾ ਐਲਾਨਿਆ ਜਾਵੇ।ਉਦਾਹਰਨ ਵਜੋਂ ਜੇ ਕਿਸੇ ਸਕੂਲ ਵਿੱਚ ਸ.ਸ ਦੀਆਂ ਅਸਾਮੀਆਂ ਵਾਧੂ ਹਨ, ਤਾਂ ਅੰਗਰੇਜ਼ੀ ਅਧਿਆਪਕ ਨੂੰ ਰੈਸਨੇਲਾਈਜੇਸ਼ਨ ਲਈ ਨਹੀ ਵਿਚਾਰਿਆ ਜਾਵੇਗਾ।ਭਾਵੇਂ ਕਿ ਉਸਦੀ ਠਹਿਰ ਸ.ਸ. ਅਧਿਆਪਕਾਂ ਨਾਲੋਂ ਜ਼ਿਆਦਾ ਹੋਵੇ

8. ਮਿਡਲ ਸਕੂਲ ਵਿੱਚ ਚਾਰ ਸੈਕਸ਼ਨਾਂ ਤੱਕ ਸ.ਸ. ਅਤੇ ਸਾਇੰਸ ਵਿਸ਼ੇ ਦੀ ਇੱਕ-2 ਅਸਾਮੀ ਹੀ ਰਹੇਗੀ।ਮੈਥ ਦੀ ਕੋਈ ਵੱਖਰੀ ਅਸਾਮੀ ਨਹੀ ਹੋਵੇਗੀ ਅਤੇ ਸਾਇੰਸ ਅਧਿਆਪਕ ਨਾਨ੍ ਮੈਡੀਕਲ ਵਾਲੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ। ਵਿਦਿਆਰਥੀਆਂ ਦੀ ਗਿਣਤੀ ਅਤੇ ਸੈਕਸ਼ਨਾਂ ਦਾ ਵਾਧਾ ਹੋਣ ਦੀ ਸੂਰਤ ਵਿੱਚ ਜ਼ਰੂਰਤ ਅਨੁਸਾਰ ਮੈਡੀਕਲ ਗਰੁੱਪ ਦੇ ਸਾਇੰਸ ਅਧਿਆਪਕ ਨੂੰ ਵਿਚਾਰਿਆ ਜਾ ਸਕਦਾ ਹੈ।

9. ਜ਼ਿਲ੍ਹੇ ਵਿੱਚ ਵਾਧੂ ਖਾਲੀ ਜਾਂ ਭਰੀਆਂ ਅਸਾਮੀਆਂ ਮੰਡਲ ਪੂਲ/ਰਾਜ ਪੂਲ ਵਿੱਚ ਚਲੀਆਂ ਜਾਣਗੀਆਂ।